McCreary
Centre Society

YOUTH HEALTH • YOUTH RESEARCH • YOUTH ENGAGEMENT

ਜਨਵਰੀ 2018

ਪਿਆਰੇ ਮਾਪੇ/ਗਾਰਡੀਅਨ,

ਬਾਬਤ: **2018 ਜਵਾਨ ਬੱਚਿਆਂ ਲਈ ਹੈਲਥ ਸਰਵੇ**

ਤੁਹਾਡੇ ਬੱਚੇ ਦੀ ਕਲਾਸ ਨੂੰ ਯੂਥ ਹੈਲਥ ਸਰਵੇ (ਜਵਾਨ ਬੱਚਿਆਂ ਦੀ ਸਿਹਤ ਬਾਰੇ ਸਰਵੇ) ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ ਗਿਆ ਹੈ। ਮੈਕਰੀਰੀ ਸੈਂਟਰ ਸੁਸਾਇਟੀ ਬੀ ਸੀ ਦੀ ਇਕ ਚੈਰਿਟੀ ਹੈ। ਅਸੀਂ ਹਰ ਪੰਜ ਸਾਲਾਂ ਬਾਅਦ ਸਰਵੇ ਕਰਦੇ ਹਾਂ। ਅਸੀਂ ਤੁਹਾਡੇ ਇਲਾਕੇ ਵਿਚ ਜਵਾਨ ਬੱਚਿਆਂ ਦੀ ਸਿਹਤ ਵਿਚ ਸੁਧਾਰ ਕਰਨ ਲਈ ਨਤੀਜਿਆਂ ਦੀ ਵਰਤੋਂ ਕਰਦੇ ਹਾਂ ਅਤੇ ਬੀ.ਸੀ. ਭਰ ਦੇ ਸਕੂਲ, ਸਰਕਾਰ, ਅਤੇ ਇਲਾਕੇ ਇਸ ਜਾਣਕਾਰੀ ਦੀ ਵਰਤੋਂ ਪ੍ਰੋਗਰਾਮਾਂ ਦੀ ਪਲੈਨ ਬਣਾਉਣ ਲਈ ਕਰਦੇ ਹਨ।

ਅਸੀਂ ਬ੍ਰਿਟਿਸ਼ ਕੋਲੰਬੀਆ ਵਿਚ ਗਰੇਡ 7-12 ਦੇ 40,000 ਨਾਲੋਂ ਵੀ ਜ਼ਿਆਦਾ ਵਿਦਿਆਰਥੀਆਂ ਨੂੰ ਹਿੱਸਾ ਲੈਣ ਲਈ ਸੱਦਾ ਦੇ ਰਹੇ ਹਾਂ। ਹਿੱਸਾ ਲੈਣਾ ਮਰਜ਼ੀ ਹੈ। ਤੁਹਾਡਾ ਬੱਚਾ ਇਹ ਚੋਣ ਕਰ ਸਕਦਾ ਹੈ ਕਿ ਕੀ ਉਸ ਨੇ ਹਿੱਸਾ ਲੈਣਾ ਹੈ ਜਾਂ ਨਹੀਂ।

ਇਸ ਸਰਵੇ ਨੂੰ ਪੂਰਾ ਕਰਨ ਲਈ ਤਕਰੀਬਨ 30-40 ਮਿੰਟ ਲੱਗਦੇ ਹਨ। ਇਕ ਨਰਸ ਸਰਵੇ ਦੇਵੇਗੀ ਅਤੇ ਵਿਦਿਆਰਥੀ ਆਪ ਇਹ ਭਰਨਗੇ। ਸਵਾਲਾਂ ਦੇ ਵਿਸ਼ਿਆਂ ਵਿਚ ਸਕੂਲ, ਪਰਿਵਾਰ, ਸਰੀਰਕ ਅਤੇ ਮਾਨਸਿਕ ਸਿਹਤ, ਸੈਕਸ਼ੂਅਲ ਸਿਹਤ, ਨਸ਼ਿਆਂ ਦੀ ਵਰਤੋਂ, ਸੱਟਾਂ ਅਤੇ ਸਰਗਰਮੀਆਂ, ਹਿੰਸਾ ਅਤੇ ਵਿਤਕਰਾ, ਅਤੇ ਟੈਕਨੋਲੋਜੀ ਦੀ ਵਰਤੋਂ ਬਾਰੇ ਭਾਵਨਾਵਾਂ ਸ਼ਾਮਲ ਹਨ।

ਇਹ ਸਰਵੇ ਗੁਪਤ ਅਤੇ ਗੁਮਨਾਮ ਹੈ। ਵਿਦਿਆਰਥੀ ਪ੍ਰਸ਼ਨਾਵਲੀ ਉੱਪਰ ਆਪਣਾ ਨਾਂ ਨਹੀਂ ਲਿਖਦੇ। ਕੋਈ ਵੀ ਜਵਾਬਾਂ ਨੂੰ ਕਿਸੇ ਵਿਦਿਆਰਥੀ ਨਾਲ ਜੋੜਨ ਦੇ ਯੋਗ ਨਹੀਂ ਹੋਵੇਗਾ। ਪਰ, ਜੇ ਵਿਦਿਆਰਥੀ ਆਪਣਾ ਨਾਂ ਸਰਵੇ 'ਤੇ ਲਿਖਣ ਦੀ ਚੋਣ ਕਰਦੇ ਹਨ ਅਤੇ ਇਹ ਕਹਿੰਦੇ ਹਨ ਕਿ ਉਨ੍ਹਾਂ ਨਾਲ ਬੁਰਾ ਵਰਤਾਉ ਹੋਇਆ ਹੈ ਜਾਂ ਉਹ ਖੁਦਕਸ਼ੀ ਬਾਰੇ ਸੋਚ ਰਹੇ ਹਨ ਤਾਂ ਉਨ੍ਹਾਂ ਨੂੰ ਸੁਰੱਖਿਅਤ ਰੱਖਣ ਲਈ ਸਾਨੂੰ ਇਸ ਦੀ ਰਿਪੋਰਟ ਕਰਨੀ ਪੈਣੀ ਹੈ।

ਸਿਰਫ ਮੈਕਰੀਰੀ ਸੈਂਟਰ ਸੁਸਾਇਟੀ ਦੇ ਸਟਾਫ ਅਤੇ ਖੋਜੀਆਂ ਦੀ ਹੀ ਸਰਵੇ ਤੱਕ ਪਹੁੰਚ ਹੋਵੇਗੀ। ਅਸੀਂ ਸਰਵੇ ਨੂੰ ਘੱਟੋ ਘੱਟ 5 ਸਾਲਾਂ ਲਈ ਮੈਕਰੀਰੀ ਸੈਂਟਰ ਸੁਸਾਇਟੀ ਦੇ ਜਿੰਦਾਬੰਦ ਦਫਤਰਾਂ ਵਿਚ ਰੱਖਾਂਗੇ ਅਤੇ ਇਸ ਤੋਂ ਬਾਅਦ ਇਹ ਕੁਤਰਾ ਕਰ ਦਿੱਤੇ ਜਾਣਗੇ। ਇਲੈਕਟਰੌਨਿਕ ਡੈਟਾ ਨੂੰ ਜ਼ਿਆਦਾ ਸਮੇਂ ਲਈ ਸਾਂਭਿਆ ਜਾਵੇਗਾ। ਸਰਵੇ ਦੇ ਨਤੀਜਿਆਂ ਦੀਆਂ ਰਿਪੋਰਟਾਂ ਅਤੇ ਤੱਥ ਸ਼ੀਟਾਂ ਨੂੰ www.mcs.bc.ca 'ਤੇ ਪਾਇਆ ਜਾਵੇਗਾ।

ਇਸ ਵਿਚ ਹਿੱਸਾ ਲੈਣ ਦਾ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਸਿੱਧਾ ਫਾਇਦਾ ਨਹੀਂ ਹੋਵੇਗਾ, ਪਰ ਜੇ ਉਹ ਹਿੱਸਾ ਲੈਂਦਾ ਹੈ ਤਾਂ ਇਹ ਜਵਾਨ ਬੱਚਿਆਂ ਨੂੰ ਇਹ ਯਕੀਨ ਦਿਵਾਉਂਦਾ ਹੈ ਕਿ ਸੇਵਾਵਾਂ ਅਤੇ ਪ੍ਰੋਗਰਾਮਾਂ ਦੀ ਪਲੈਨ ਬਣਾਉਣ ਵੇਲੇ ਉਨ੍ਹਾਂ ਦੀ ਸੁਣੀ ਜਾਂਦੀ ਹੈ ਅਤੇ ਇਹ ਉੱਥੇ ਤਬਦੀਲੀ ਕਰਨ ਵਿਚ ਮਦਦ ਕਰੇਗਾ ਜਿੱਥੇ ਤਬਦੀਲੀ ਕਰਨ ਦੀ ਲੋੜ ਹੈ। ਇਸ ਚੀਜ਼ ਦਾ ਖਤਰਾ ਹੋ ਸਕਦਾ ਹੈ ਕਿ ਕੋਈ ਹੋਰ ਵਿਦਿਆਰਥੀ ਤੁਹਾਡੇ ਪੁੱਤਰ ਜਾਂ ਧੀ ਦੇ ਜਵਾਬਾਂ 'ਤੇ ਝਾਤੀ ਮਾਰ ਸਕਦਾ ਹੈ, ਜਾਂ ਬੱਚਾ ਇਹ ਮਹਿਸੂਸ ਕਰ ਸਕਦਾ ਹੈ ਕਿ ਕੁਝ ਸਵਾਲ ਸੰਵੇਦਨਸ਼ੀਲ ਹਨ। ਵਿਦਿਆਰਥੀਆਂ ਦੇ ਮਨ ਵਿਚ ਜੇ ਕੋਈ ਸਵਾਲ ਜਾਂ ਫਿਕਰ ਹੋਵੇ ਤਾਂ ਇਸ ਦਾ ਜਵਾਬ ਦੇਣ ਲਈ ਨਰਸ ਮੌਜੂਦ ਹੋਵੇਗੀ। ਵਿਦਿਆਰਥੀਆਂ ਨੂੰ ਮਦਦ ਕਰਨ ਵਾਲੀਆਂ ਸੇਵਾਵਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਦੇਣ ਵਾਲਾ ਇਕ ਕਾਰਡ ਵੀ ਦਿੱਤਾ ਜਾਂਦਾ ਹੈ।

ਸਵਾਲਾਂ ਦੇ ਵਿਸ਼ਿਆਂ ਦੀ ਲਿਸਟ ਅਤੇ ਇਨ੍ਹਾਂ ਨੂੰ ਪੁੱਛੇ ਜਾਣ ਦੇ ਕਾਰਨ ਸਾਡੇ ਵੈੱਬਸਾਈਟ (www.mcs.bc.ca) ਉੱਪਰ ਦੇਖੇ ਜਾ ਸਕਦੇ ਹਨ। ਤੁਸੀਂ ਸਰਵੇ ਦੀ ਕਾਪੀ ਸਕੂਲ ਪ੍ਰਿੰਸੀਪਲ ਦੇ ਦਫਤਰ ਵਿਚ ਵੀ ਦੇਖ ਸਕਦੇ ਹੋ। ਇਸ ਸਰਵੇ ਵਿਚ ਹਿੱਸਾ ਲੈਣ ਦੌਰਾਨ, ਜੇ ਤੁਹਾਡੇ ਮਨ ਵਿਚ ਆਪਣੇ ਬੱਚੇ ਦੇ ਹੱਕਾਂ ਬਾਰੇ/ਜਾਂ ਆਪਣੇ ਅਨੁਭਵਾਂ ਬਾਰੇ ਕੋਈ ਫਿਕਰ ਜਾਂ ਸ਼ਿਕਾਇਤਾਂ ਹੋਣ ਤਾਂ ਯੂ ਬੀ ਸੀ ਆਫਿਸ ਔਫ ਰੀਸਰਚ ਐਥਿਕਸ ਵਿਚ ਰੀਸਰਚ ਪਾਰਟੀਸੀਪੈਂਟ ਕਮਪਲੇਂਟ ਲਾਈਨ ਨਾਲ 604-822-8598 'ਤੇ ਸੰਪਰਕ ਕਰੋ ਜਾਂ ਜੇ ਲੌਂਗ–ਡਿਸਟੈਂਸ ਹੋਵੇ ਤਾਂ RSIL@ors.ubc.ca 'ਤੇ ਈਮੇਲ ਕਰੋ ਜਾਂ ਟੋਲ ਫ੍ਰੀ ਨੰਬਰ 1-877-822-8598 'ਤੇ ਫੋਨ ਕਰੋ।

ਧੰਨਵਾਦ,


ਐਨੀ ਸਮਿੱਥ, ਐਗਜ਼ੈਕਟਿਵ ਡਾਇਰੈਕਟਰ
ਮੈਕਰੀਰੀ ਸੈਂਟਰ ਸੁਸਾਇਟੀ
annie@mcs.bc.ca
604-291-1996

ਡਾਕਟਰ ਇਲਜ਼ਾਬੈਥ ਸੇਵਾਇਕ, ਰੀਸਰਚ ਡਾਇਰੈਕਟਰ, ਮੈਕਰੀਰੀ ਸੈਂਟਰ ਸੁਸਾਇਟੀ
ਅਤੇ ਪ੍ਰੋਫੈਸਰ, ਯੂ ਬੀ ਸੀ ਸਕੂਲ ਔਫ ਨਰਸਿੰਗ
elizabeth.saewyc@ubc.ca
604-822-7505